# ਆਪਣੇ ਮੁੱਕਤੀ ਦਾਤਾ ਯੀਸ਼ੂ ਦੇ ਜਨਮ ਨੂੰ ਅਸੀ ਮਨਾਉਂਦੇ ਹਾਂ

**ਪ੍ਰਾਥਨਾ:** ''ਹੇ ਸਾਡੇ ਸੁਰਗੀ ਪਿਤਾ, ਬੇਨਤੀ ਕਰਕੇ ਇਸ ਪਾਠ ਨੂੰ ਬੱਚਿਆਂ ਦੀ ਮੱਦਦ ਵਾਸਤੇ ਇਸਤਮਾਲ ਕਰੋ ਕਿ ਉਹ ਮਨਾ ਨਾਲ ਪ੍ਰਸ਼ੰਸਾ ਕਰਨ ਉਸ ਬਹੁਤ ਹੀ ਪਿਆਰੀ ਸੌਗਾਤ ਕਿ ਜਿਹੜੀ ਤੁਸੀ ਸਾਨੂੰ ਦਿੱਤੀ ਹੈ ਤੁਹਾਡਾ ਪੁੱਤਰ ਯੀਸ਼ੂ।''

ਇਹੋ ਜਿਹੀਆਂ ਚੀਜਾਂ ਚੁਣੋ ਜਿਹੜੀਆਂ ਤੁਹਾਡੀਆਂ ਯੋਜਨਾਵਾ ਅਤੇ ਸਥਾਨਿਕ ਰੀਤੀ ਰਿਵਾਜਾਂ ਵਿੱਚ ਸਹੀ ਬੈਠਦੀਆਂ ਹਨ।

**1. ਗੀਤ ਗਾਉ, ਯਿਸ਼ੂ ਦੇ ਜਨਮ ਦੇ ਬਾਰੇ ਵਿੱਚ ਕੁਝ**

ਵਿਸ਼ਵਾਸੀ ਆਪਣੇ ਮਿੱਤਰਾਂ ਦੇ ਸਾਹਮਣੇ, ਵੱਡੇ ਦਿਨ ਦੇ ਮੌਕੇ ਤੇ ਆਪਣੇ ਘਰ ਵਿੱਚ ਗੀਤ ਗਾਉਣ।

**2. ਇਸ ਚਰਨੀ ਦੀ ਤਸਵੀਰ ਦੀ ਨਕਲ ਕਰੋ ਜਾ ਇਸ ਵਿੱਚ ਰੰਗ ਭਰੋ।**

- ਯੀਸ਼ੂ ਦੀ ਪਹਿਲੀ ਮੰਜੀ ਇੱਕ ਚਰਨੀ ਸੀ, ਇਕ ਅਜਿਹਾ ਸਦੂੰਕ ਜਿਸ ਵਿੱਚ ਪਸ਼ੂਆਂ ਅਤੇ ਭੇਡਾਂ ਦੇ ਖਾਣ ਲਈ ਘਾਹ (ਚਾਰਾ) ਰੱਖਿਆ ਜਾਦਾ ਹੈ।



- ਬੱਚੇ ਇਹ ਤਸਵੀਰ ਬਾਲਿਗਾਂ ਨੂੰ ਵੱਡੇ ਦਿਨ ਦੇ ਦੌਰਾਨ ਦਿਖਾਉਣ।
- ਬੱਚੇ, ਬਾਲਿਗਾਂ ਨੂੰ ਸਮਝਾਣ ਇਹ ਚਰਨੀ ਸਾਨੂੰ ਯਾਦ ਕਰਾਦੀ ਹੈ ਕਿ ਯੀਸ਼ੂ ਇੱਕ ਗਰੀਬ ਜਗ੍ਹਾ (ਥਾਂ) ਤੇ ਜੰਮਿਆ। ਲੋਕ ਉਹਨੂੰ ਪਰਮੇਸ਼ਵਰ ਦਾ ਪੁੱਤ ਕਰਕੇ ਨਹੀ ਜਾਣ ਸਕੇ।

**3. ਲੂਕਾ 1:26–38 ਅਤੇ ਲੂਕਾ 2:1–20 ਵਿੱਚ ਬੱਚਿਆਂ ਨੂੰ ਯੀਸ਼ੂ ਦੇ ਜਨਮ ਦੀ ਕਹਾਣੀ ਦੱਸੋ।**

- ਇੱਕ ਵੱਡਾ ਬੱਚਾ ਜਾ ਅਧਿਆਪਕ ਯਿਸ਼ੂ ਦੇ ਜਨਮ ਦੀ ਕਹਾਣੀ ਪੜ੍ਹੇ ਜਿਹੜਾ ਪਰਮੇਸ਼ਵਰ ਦਾ ਪੁੱਤਰ ਸੀ।
- ਸਮਝਾਉ, ਪਰਮੇਸ਼ਵਰ ਦਾ ਪੁੱਤਰ ਇੱਕ ਮਨੁੱਖ ਵਾਂਗ ਜੰਮਿਆ, ਕਿਸੇ ਮਹਿਲ ਵਿੱਚ ਨਹੀ ਸਗੋਂ ਇੱਕ ਸਰਾਏ ਵਿੱਚ ਜਿਥੇ ਜਾਨਵਰਾਂ ਨੂੰ ਰੱਖਿਆ ਜਾਂਦਾ ਸੀ।

***ਪ੍ਰਸ਼ਨ:–*** *ਕਹਾਣੀ ਦਾ ਵਰਨਣ ਕਰਨ ਤੋਂ ਬਾਦ, ਇਨ੍ਹਾਂ ਪ੍ਰਸ਼ਨਾ ਨੂੰ ਪੁੱਛੋ। ਉੱਤਰ ਹਰੇਕ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ।*

ੳ) ਮਰਿਯਮ ਨੇ ਕਿਸ ਤਰ੍ਹਾਂ ਮਹਿਸੂਸ ਕੀਤਾ, ਜਦੋਂ ਉਸ ਨੇ ਉਹ ਫਰਿਸ਼ਤਾ ਦੇਖਿਆ? *ਲੂਕਾ 1:29 ਵਿੱਚ ਦੇਖੋ।*

ਅ) ਫਰਿਸ਼ਤੇ ਨੇ ਯੀਸ਼ੂ ਬਾਰੇ ਕਿਹੜਾ ਵਾਧਾ ਕੀਤਾ?

*ਲੂੱਕਾ 1:32–33 ਦੇਖੋ*

ੲ) ਮਰਿਯਮ ਨੇ ਫਰਿਸ਼ਤੇ ਦੇ ਸਨੂਹੇ ਦਾ ਕੀ ਉੱਤਰ ਦਿੱਤਾ?

*ਲੂਕਾ 1:38*

ਸ) ਯੂਸਫ ਅਤੇ ਮਰਿਯਮ ਨੇ ਬੈਤਲਹਮ ਵਿੱਚ ਕਿਉਂ ਜਾਣਾ ਸੀ? ਲੂਕਾ 2:1-3 *(ਰੋਮੀ ਰਾਜੇ ਨੇ ਇਹ ਹੁੱਕਮ ਕੱਢਿਆ ਕਿ ਲੋਕੀ ਆਪਣੇ ਜਨਮ ਸਥਾਨ ਵਿੱਚ ਜਾ ਕੇ ਮਰਦੁਸਸ਼ਮਾਹੀ ਕਰਾਉਣ)*

ਹ) ਕਿਥੇ ਮਰਿਯਮ ਨੇ ਛੋਟੇ ਬੱਚੇ ਨੂੰ ਕਿੱਥੇ ਪਾ ਦਿੱਤਾ?

*ਲੂਕਾ 2:7*

ਕ) ਚਰਵਾਹਿਆਂ ਨੂੰ ਉਹ ਰਾਤ ਡਰਾਉਣੀ ਕਿਉਂ ਲੱਗ ਰਹੀ ਸੀ? *ਲੂਕਾ 2:8-10 ਦੇਖੋ*

ਖ) ਕਿਸ ਤਰ੍ਹਾਂ ਚਰਵਾਹਿਆਂ ਨੂੰ ਪਤਾ ਲੱਗਿਆ ਕਿ ਉਹ ਬੱਚਾ ਯੀਸ਼ੂ ਸੀ?

**ਲੂਕਾ 2:11–12 ਦੇਖੋ**

ਗ) ਚਰਵਾਹਿਆਂ ਨੇ ਯਿਸ਼ੂ ਨੂੰ ਵੇਖਨ ਦੇ ਬਾਦ ਕੀ ਕੀਤਾ?

*ਲੂਕਾ 2:20 ਦੇਖੋ*

**4. ਬੱਚੇ ਬਾਲਿਗਾਂ ਵਾਸਤੇ ਯਿਸ਼ੂ ਦੇ ਜਨਮ ਦਾ ਨਾਟਕ ਤਿਆਰ ਕਰਨ।**

ਇਸ ਨਾਟਕ ਦੀ ਤਿਆਰੀ ਅਰਾਧਨਾ ਦੇ ਅਗਵੇ ਨਾਲ ਕਰੋ, ਜੇਕਰ ਹੋ ਸੱਕ ਤਾਂ ਇਹ ਤਿਆਰੀ ਕਈ ਹਫਤੇ ਪਹਿਲਾਂ ਤੋਂ ਕਰੋ।

- ਜੇਕਰ ਸ਼ਮਾ ਘੱਟ ਹੈ, ਤਾਂ ਘੱਟ ਮਹੱਤਵਪੂਰਨ ਹਿੱਸਿਆਂ ਨੂੰ ਛੱਡ ਦਿਉ।
- ਜੇਕਰ ਉੱਥੇ ਬੱਚੇ ਘੱਟ ਹਨ, ਤਾਂ ਬਾਲਿਗਾਂ ਨੂੰ ਮੱਦਦ ਕਰ ਲਈ ਕਹੋ, ਜਾਂ ਨਾਲ ਦੇ ਗੁਆਂਡੀਆਂ ਦੇ ਬੱਚੇ ਸੌਖੇ ਹਿੱਸੇ ਕਰਨ।
- ਕੁਝ ਵਧਾ ਕੇ ਜਾ ਚੀਜਾ ਬਦਲ ਕੇ ਜਿਹੜੀ ਇਸ ਨਾਟਕ ਲਈ ਮੌਕਾ ਅਤੇ ਸਥਾਨਿਕ ਰੀਤੀ, ਰਿਵਾਜ, ਮੇਲ ਖਾਏ ਹਨ, ਕਰ ਸਕਦੇ ਹੋ।

**ਅਧਿਆਪਕ ਅਤੇ ਵੱਡਿਆਂ ਬੱਚਿਆਂ ਲਈ ਕਰਨ ਲਈ ਤਿਆਰੀ:**

- ਵਾਚਕ ਇਸ ਕਹਾਣੀ ਨੂੰ ਛੋਟਾ ਕਰਕੇ ਅਭਿਆਸ ਦੀ ਤਿਆਰੀ ਕਰਵਾਏ। ਬੱਚਿਆਂ ਨੇ ਕੀ ਕਹਿਣਾ ਹੈ ਅਤੇ ਕੀ ਕਰਨਾ ਹੈ ਯਾਦ ਕਰਵਾਏ।
- ਮਰਿਯਮ ਤੇ ਯੂਸਫ, ਮਰਿਯਮ ਇੱਕ ਖੇਡਣ ਵਾਲੀ ਗੁੱਡੀ ਨੂੰ ਫੜ ਕੇ ਰੱਖੇ, ਯੀਸ਼ੂ ਨੂੰ ਵਿਖਾਣ ਵਾਸਤੇ। ਇੱਕ ਕਪੜੇ ਵਿੱਚ ਲਪੇਟ ਲਵੇ।
- ਜਿਬਰਾਏਲ ਦੂਤ, ਸਫੇਦ ਚੋਗਾ ਪਾਏ ਜੇਕਰ ਹੋ ਸਕੇ। ਇੱਕ ਸਫੇਦ ਚਾਦਰ ਵੀ ਇੱਕ ਚੋਗੇ ਵਾਂਗ ਹੋ ਸਕਦੀ ਹੈ।

**ਛੋਟਿਆਂ ਬੱਚਿਆਂ ਦੀ ਤਿਆਰੀ ਵਾਸਤੇ**

- ਸਰਾ ਦੀ ਤਸਵੀਰ ਬਣਾਉਣ, ਗਾਵਾਂ ਦੇ ਰਹਿਣ ਦੀ ਥਾ, ਚਰਵਾਹੇ ਅਤੇ ਉਨ੍ਹਾਂ ਦੀਆ ਭੇਡਾਂ।
- ਚਰਵਾਹੇ ਆਪਣੇ ਹੱਥਾਂ ਵਿੱਚ ਚਰਵਾਹਿਆਂ ਦੀ ਸੋਟੀ ਫੜ ਕੇ ਰੱਖਣ (ਇੱਕ ਲੰਬੀ ਸੋਟੀ)
- ਕੁਝ ਚਾਰਾ ਜਾ ਘਾਹ ਇੱਕ ਵੱਡੇ ਸਦੂੰਕ ਵਿੱਚ ਰੱਖੋ, ਇਹ ਚਰਨੀ ਵਾਸਤੇ (ਖੁਰਲੀ)

## ਕਹਾਣੀ ਦਾ ਪਹਿਲਾ ਹਿੱਸਾ (ਮਰਿਯਮ ਅਤੇ ਜਿਬਰਾਏਲ)

**ਵਾਚਕ:-** ਪੜੋ ਜਾ ਯਾਦ ਕਰਕੇ ਸੁਣਾਉ ਲੂਕਾ 1:26-38 ਫਿਰ ਆਖੋ, ''ਸੁਣੋ ਜਿਬਰਾਏਲ ਦੂਤ ਕੀ ਆਖਦਾ ਹੈ।''

**ਜਿਬਰਾਏਲ** (ਉੱਚੀ ਅਵਾਜ ਵਿੱਚ ਬੋਲੇ) ''ਵਧਾਈਆ ਮਰਿਯਮ, ਤੈਨੂੰ ਡਰਨ ਦੀ ਕੋਈ ਲੋੜ ਨਹੀ ਤੂੰ ਇੱਕ ਬੱਚੇ ਨੂੰ ਪੈਦਾ ਕਰਨ ਜਾ ਰਹੀ ਹੈ, ਉਹ ਯਿਸ਼ੂ ਹੋਵੇਗਾ। ਅੱਤ ਮਹਾਨ ਦਾ ਪੁੱਤ। ਉਹ ਰਾਜਾ ਬਣੇਗਾ।''

**ਮਰਿਯਮ,** ''ਪਰ ਮੇਰਾ ਤਾਂ ਕੋਈ ਪਤੀ ਨਹੀ ਹੈ।''

**ਜਿਬਰਾਏਲ:-** ''ਇਹ ਪਰਮੇਸ਼ਵਰ ਹੈ, ਉਹ ਤੈਨੂੰ ਬੱਚਾ ਦੇਵੇਗਾ।''

**ਮਰਿਯਮ,** ''ਮੈ ਤਾਂ ਪਰਮੇਸ਼ਵਰ ਦੀ ਦਾਸੀ ਹਾਂ, ਮੈ ਉਸੇ ਤਰ੍ਹਾਂ ਕਰਾਂਗੀ ਜਿਵੇ ਤੂੰ ਆਖਿਆ।''

**ਹਿੱਸਾ 2 (ਮਰਿਯਮ, ਯੂਸਫ, ਚਰਵਾਹੇ, ਸਰਾਂ ਦਾ ਮਾਲਿਕ, ਪਸ਼ੂ)**

**ਵਾਚਕ:** ਪੜ੍ਹੋ ਜਾਂ ਯਾਦ ਕਰਕੇ ਦੱਸੋ, ਲੂਕਾ 2:1-7 ਫਿਰ ਆਖੇ, ''ਸੁਣੋ ਯੂਸਫ ਕੀ ਆਖਦਾ ਹੈ?''

**ਯੂਸਫ,** ''ਮਰਿਯਮ, ਸਾਨੂੰ ਜਰੂਰ ਬੈਤਲਹਮ ਜਾ ਕੇ ਆਪਣੀ ਗਣਨਾ ਕਰਾਉਣੀ ਚਾਹੀਦੀ ਹੈ। ਰੋਮੀ ਰਾਜੇ ਨੇ ਇਹ ਹੁੱਕਮ ਦਿੱਤਾ, ਮਰਦ ਮਸ਼ਮਾਰੀ ਦਾ।''

**ਮਰਿਯਮ,** ''ਪਰ ਬੱਚਾ ਅਜੇ ਜੰਮਣ ਹੀ ਵਾਲਾ ਹੈ।''

**ਯੂਸਫ,** ''ਮਰਿਯਮ ਦਾ ਹੱਥ ਫੜ ਕੇ ਉਹਦੇ ਨਾਲ ਇੱਕ ਪਾਸੇ ਪਿੱਛੇ ਜਾਵੇ।

**ਮਰਿਯਮ,** ''ਛੇਤੀ, ਬੱਚਾ ਬੱਸ ਹੋਣ ਹੀ ਵਾਲਾ ਹੈ, ਦੇਖ ਇਥੇ ਇੱਕ ਸਰਾਂ ਹੈ।''

**ਯੂਸਫ-** ਉਥੇ ਜਾਵੇ, ਜਿਥੇ ਸਰਾ ਦਾ ਮਾਲਿਕ ਖਲੋਤਾ ਹੋਇਆ ਹੈ, ਦਰਵਾਜਾ ਖਟਕਾਉਣ ਦਾ ਦਿਖਾਵਾ ਕਰੇ ''ਖੱਟ, ਖੱਟ, ਖੱਟ, ਚੀਕੇ,'' ਸਰਾਂ ਦੇ ਮਾਲਿਕ, ਤੇਰੇ ਕੋਲ ਸਾਡੇ ਵਾਸਤੇ ਕਮਰਾ ਹੈ?''

**ਸਰਾ ਦਾ ਮਾਲਿਕ,** ''ਨਹੀ, ਪਰ ਤੁਸੀਂ ਜਿੱਥੇ ਗਾਂਵਾਂ ਬੰਨੀਆਂ ਜਾਦੀਆਂ ਹਨ ਉਥੇ ਸੌ ਸਕਦੇ ਹੋ।''

**ਯੂਸਫ,** ''ਮਰਿਯਮ ਦਾ ਹੱਥ ਫੜ ਕੇ ਖੁਰਲੀ (ਚਰਨੀ) ਵੱਲ ਚੱਲੇ।

**ਗਾਵਾ,** ਹੱਥਾ ਅਤੇ ਗੋਡਿਆ ਤੇ ਬਹਿ ਕੇ, ਮਰਿਯਮ ਦੇ ਕੋਲ ਜਾਣ, ਗਾਵਾ ਦੇ ਵਾਂਗ ਅਵਾਜਾਂ ਕੱਢਣ।

**ਮਰਿਯਮ:-** ਇੱਕ ਗੁੱਡੀ ਨੂੰ ਕਪੜੇ ਵਿੱਚ ਲਪੇਟੇ, ਅਤੇ ਇਸ ਖੁਰਲੀ ਵਿੱਚ ਲੰਮਾ ਪਾ ਦੇਵੇ, ਅਤੇ ਆਖੇ, ਯੀਸ਼ੂ ਪੈਦਾ ਹੋ ਗਿਆ।

## ਤੀਸਰਾ ਹਿੱਸਾ (ਚਰਵਾਹੇ ਅਤੇ ਭੇਡਾਂ)

**ਵਾਚਕ:** ਪੜੇ ਜਾ ਕਹਾਣੀ ਯਾਦ ਕਰਕੇ ਸੁਣਾਵੇ ਲੂਕਾ 2:8-20, ਫਿਰ ਆਖੇ, ''ਸੁਣੋ ਚਰਵਾਹੇ ਕੀ ਕਹਿੰਦੇ ਹਨ।''

ਤਿੰਨ ਚਰਵਾਏ (ਗਡਰੀਏ) ਆਖਣ ''ਇਹ ਰਾਤ ਬੜੀ ਠੰਡੀ ਹੈ''। ''ਤਾਰੇ ਬੜੇ ਚਮਕ ਰਹੇ ਹਨ।'' ''ਭੇਡਾ ਬੜੀਆ ਸੰਤੁਸ਼ਟ ਹਨ।''

**ਭੇਡਾਂ,** ਚਰਵਾਹਿਆਂ ਦੇ ਆਲੇ ਦੁਆਲੇ ਹੱਥਾਂ ਅਤੇ ਪੈਰਾਂ, ਗੋਡਿਆਂ ਉੱਤੇ ਘੁੰਮਣ ਭੇਡਾਂ ਵਾਂਗਰ ਅਵਾਜਾਂ ਕਰਨ।

ਦੂਤ ਅਤੇ ਚਰਵਾਹੇ ''ਇਕ ਦੂਤ ਪਰਗਟ ਹੁੰਦਾ ਹੈ।

ਚਰਵਾਏ ਧਰਤੀ ਉੱਤੇ ਡਿੱਗ ਪੈਂਦੇ ਹਨ। ਡਰਦੇ ਹੋਏ,

**ਫਰਿਸ਼ਤਾ** (ਦੂਤ) ''ਚਰਵਾਹਿਓ'' ਤੁਹਾਨੂੰ ਡਰਨ ਦੀ ਜਰੂਰਤ ਨਹੀ, ਅਸੀ ਤੁਹਾਡੇ ਲਈ ਸ਼ੁੱਭ ਸੰਦੇਸ਼ ਲੈ ਕੇ ਆਏ ਹਾਂ।

**ਬੱਚਾ ਪੈਦਾ ਹੋ ਗਿਆ ਹੈ। ਉਹ ਮਸ਼ੀਹ,** ਪ੍ਰਭੂ ਹੈ ਤੁਸੀਂ ਉਹਨੂੰ ਇੱਕ ਕਪੜੇ ਵਿੱਚ ਲਪੇਟਿਆ ਹੋਇਆ ਅਤੇ ਚਰਨੀ ਵਿੱਚ ਲੇਟਿਆ ਹੋਇਆ ਬੈਤਲਹੈਸ ਵਿੱਚ ਪਾਉਗੇ।

**ਚਰਵਾਹਿਆ ਦਾ ਆਗੂ-** ਚਲੋ ਦੇਖਣ ਚਲਦੇ ਹਾਂ। ਛੇਤੀ ਚਰਵਾਏ (ਭੱਜ ਕੇ ਉੱਥੇ ਜਾਣ ਜਿਥੇ ਯੀਸ਼ੂ ਹੈ ਅਤੇ ਗੋਡਿਆਂ ਪਰਨੇ ਹੋ ਕੇ ਚਰਨੀ ਵਿੱਚ ਯੀਸ਼ੂ ਨੂੰ ਵੇਖਣ। ਕੁਝ ਸਮੇ ਇਸੇ ਤਰ੍ਹਾਂ ਰਹਿਣ)।

**ਚਰਵਾਇਆ ਦਾ ਆਗੂਵਾ,** ''ਪਰਮੇਸ਼ਵਰ ਦੀ ਉਸਤਤ ਹੋਵੇ। ਉਹਦਾ ਮਸਹ ਕੀਤਾ ਹੋਇਆ, ਇਹ ਯੀਸ਼ੂ ਪੈਦਾ ਹੋ ਗਿਆ, ਪਰਮੇਸ਼ਵਰ ਸਾਡੇ ਨਾਲ ਹੈ।''

**ਵਾਚਕ,** ਜਦੋ ਨਾਟਕ ਖਤਮ ਹੋ ਜਾਵੇ, ਬੱਚਿਆਂ ਅਤੇ ਉਨ੍ਹਾਂ ਸਭਨਾ ਦਾ ਧੰਨਵਾਦ ਕਰੋ, ਜਿੰਨਾ ਨੇ ਇਸ ਨੂੰ ਤਿਆਰ ਕਰਨ ਵਿੱਚ ਮੱਦਦ ਕੀਤੀ।

ਪ੍ਰਸ਼ਨ ਬੱਚੇ ਬਾਲਿਗਾਂ ਨੂੰ ਉਹ ਪ੍ਰਸ਼ਨ ਪੁੱਛਨ ਜਿੰਨਾ ਦੀ ਸੂਚੀ ਚੀਜਾ 2 ਇਹਦੇ ਅੰਦਰ ਦਿੱਤੀ ਗਈ ਹੈ।

ਯਾਦ ਕਰੋ ਲੂਕਾ 2:14

ਕਵਿਤਾ - ਤਿੰਨ ਬੱਚੇ ਮਰਿਯਮ ਦੀ ਪ੍ਰਾਥਨਾ ਵਾਲੀਆਂ ਆਇਤਾਂ ਨੂੰ ਦੁਹਰਾਉਣ, ਲੂਕਾ 1:46-55 ਬੱਚਿਆਂ ਨੂੰ ਹਰੇਕ ਪਹਿਰਾ ਤੁਹਾਡੇ ਬਾਦ ਇਹ ਪ੍ਰਾਥਨਾ ਦਾ ਦੁਹਰਾਉਣ।

''ਮੇਰੀ ਜਾਨ ਪ੍ਰਭੂ ਦੀ ਵਡਿਆਈ ਕਰਦੀ ਹੈ।'' (ਬੱਚੇ ਦੁਹਰਾਉਣ)

''ਅਤੇ ਮੇਰਾ ਆਤਮਾ ਮੇਰੇ ਮੁਕਤੀ ਦਾਤੇ ਪਰਮੇਸ਼ਵਰ ਤੋਂ ਨਿਹਾਲ ਹੋਇਆ।'' (ਬੱਚੇ ਦੁਹਰਾਉਣ)

''ਤੂੰ ਆਪਣੇ ਪੁੱਤਰ ਵਾਸਤੇ ਮਹਿਲ ਦਾ ਪ੍ਰਬੰਧ ਨਹੀ ਕੀਤਾ।'' (ਬੱਚੇ ਦੁਹਰਾਉਣ)

''ਤੂੰ ਉਹਨੂੰ ਗਰੀਬਾਂ ਅਤੇ ਜਿੰਨ੍ਹਾ ਦੀ ਕੋਈ ਮੱਦਦ ਨਹੀ ਕਰ ਸਕਦਾ, ਉਨ੍ਹਾਂ ਵਾਸਤੇ ਭੇਜਿਆ।'' (ਬੱਚੇ ਦੁਹਰਾਉਣ)

''ਤੂੰ ਉਹਨੂੰ ਭੇਜਿਆ ਕਿ ਉਹ ਸਾਨੂੰ ਸਾਰੇ ਦੁੱਖਾਂ ਅਤੇ ਪੀੜਾ ਤੋਂ ਬਚਾਏ।'' (ਬੱਚੇ ਦੁਹਰਾਉਣ)

''ਅਸੀ ਆਨੰਦ ਨਾਲ ਭਰ ਕੇ ਉਹਦੇ ਜਨਮ ਦਾ ਜਸ਼ਨ ਮਨਾਉਂਦੇ ਹਾਂ, ਜਿਵੇਂ ਚਰਵਾਹਿਆ ਅਤੇ ਦੂਤਾ ਨੇ ਕੀਤਾ'' (ਬੱਚੇ ਦੁਹਰਾਉਣ)

''ਯੀਸ਼ੂ ਦੇ ਨਾਂ ਵਿੱਚ ਆਮੀਨ।'' (ਬੱਚੇ ਦੁਹਰਾਉਣ)

Copyright 2004 © by Paul-Timothy. May be freely copied. Download from www.Paul-Timothy.net